# ਔਟਿਜ਼ਮ ਇਨਫਰਮੇਸ਼ਨ ਸਰਵਿਸਿਜ਼ ਬ੍ਰਿਟਿਸ਼ ਕੋਲੰਬੀਆ (ਏ ਆਈ ਐੱਸ ਬੀ ਸੀ)

## ਅਸੀਂ ਮਦਦ ਕਰਨ ਲਈ ਇੱਥੇ ਹਾਂ

ਔਟਿਜ਼ਮ ਬਾਰੇ ਜ਼ਿਆਦਾ ਜਾਣਕਾਰੀ ਲਈ, ਸਾਡੇ ਨਾਲ ਸੰਪਰਕ ਕਰੋ: ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ (ਸੋਮਵਾਰ-ਸ਼ੁਕਰਵਾਰ)

ਅਪੌਇੰਟਮੈਂਟ ਬਣਾਉਣ ਦੀ ਲੋੜ ਨਹੀਂ ਹੈ


ਮੁਫਤ ਫੋਨ ਕਰੋ: 1 844 878-4700

ਆਪ ਆਉ: 3688 Cessna Drive
Richmond, B.C. V7B 1C7

ਅਸੀਂ ਪੈਸੇਫਿਕ ਔਟਿਜ਼ਮ ਫੈਮਿਲੀ ਨੈੱਟਵਰਕ (ਪੀ ਏ ਐੱਫ ਐੱਨ) ’ਤੇ ਗੁੱਡਲਾਈਫ ਫਿਟਨੈੱਸ ਫੈਮਿਲੀ ਔਟਿਜ਼ਮ ਹੱਬ ਦੀ ਪਹਿਲੀ ਮੰਜ਼ਲ ’ਤੇ ਸਥਿਤ ਹਾਂ।

ਵੈੱਬਸਾਈਟ: autisminfo.gov.bc.ca

ਈਮੇਲ: AutismInformation@gov.bc.ca


BRITISH COLUMBIA

[Punjabi]



# ਔਟਿਜ਼ਮ ਇਨਫਰਮੇਸ਼ਨ ਸਰਵਿਸਿਜ਼ ਬ੍ਰਿਟਿਸ਼ ਕੋਲੰਬੀਆ

(Autism Information Services British Columbia)

## ਅਸੀਂ ਮਦਦ ਕਰਨ ਲਈ ਇੱਥੇ ਹਾਂ

BRITISH COLUMBIA

# ਅਸੀਂ ਤੁਹਾਡੀ ਮਦਦ ਕਰਨ ਲਈ ਮੌਜੂਦ ਹਾਂ

## *ਔਟਿਜ਼ਮ ਇਨਫਰਮੇਸ਼ਨ ਸਰਵਿਸਿਜ਼ ਬੀ ਸੀ ਪ੍ਰਦਾਨ ਕਰਦੀ ਹੈ:*

### *ਪਰਿਵਾਰਾਂ ਲਈ ਮਦਦ*

ਏ ਆਈ ਐੱਸ ਬੀ ਸੀ ਦਾ ਸਟਾਫ ਔਟਿਜ਼ਮ ਤੋਂ ਪ੍ਰਭਾਵਿਤ ਬੀ. ਸੀ. ਦੇ ਗਿਣਤੀ ਵਿਚ ਵਧ ਰਹੇ ਉਨ੍ਹਾਂ ਪਰਿਵਾਰਾਂ ਦੀ ਮਦਦ ਕਰਦਾ ਹੈ ਜਿਨ੍ਹਾਂ ਨੂੰ ਆਪਣੇ ਬੱਚਿਆਂ ਲਈ ਇਲਾਜ ਦੀਆਂ ਚੋਣਾਂ ਬਾਰੇ ਜਾਣਕਾਰੀ ਲੈ ਕੇ ਫੈਸਲੇ ਕਰਨ ਵਿਚ ਮਦਦ ਦੀ ਲੋੜ ਹੁੰਦੀ ਹੈ। ਅਸੀਂ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ, ਵਸੀਲੇ ਅਤੇ ਟਰੇਨਿੰਗ ਦੇ ਮੌਕੇ ਦੇ ਕੇ ਪਰਿਵਾਰਾਂ ਦੀ ਮਦਦ ਕਰਦੇ ਹਾਂ:

- ਅਸੈੱਸਮੈਂਟ ਅਤੇ ਪਛਾਣ
- ਇਲਾਜ ਦੀਆਂ ਬਿਹਤਰ ਚੋਣਾਂ
- ਔਟਿਜ਼ਮ ਲਈ ਫੰਡਾਂ ਨੂੰ ਅਸਰਦਾਰ ਤਰੀਕੇ ਨਾਲ ਵਰਤਣਾ
- ਪ੍ਰੋਫੈਸ਼ਨਲ ਲੋਕ ਲੱਭਣਾ ਅਤੇ ਉਨ੍ਹਾਂ ਨੂੰ ਰੱਖਣਾ
- ਸੂਬਾਈ ਅਤੇ ਸਥਾਨਕ ਪੱਧਰ ’ਤੇ ਕਮਿਉਨਟੀ ਵਿਚਲੀਆਂ ਮਦਦਾਂ ਅਤੇ ਸੇਵਾਵਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਤੱਕ ਪਹੁੰਚ ਕਰਨਾ
- ਬਾਲਪਣ, ਪ੍ਰੀਸਕੂਲ, ਸਕੂਲ ਜਾਣ ਦੀ ਉਮਰ ਅਤੇ ਬਾਲਗਪੁਣੇ ਦੀ ਸ਼ੁਰੂਆਤ ਤੱਕ ਤਬਦੀਲੀਆਂ ਦਾ ਪ੍ਰਬੰਧ ਕਰਨਾ

### *ਸੇਵਾਵਾਂ ਦੇਣ ਵਾਲਿਆਂ ਲਈ ਮਦਦ*

ਪਰਿਵਾਰਾਂ ਦੀ ਮਦਦ ਕਰਨ ਵਾਲੇ ਸੇਵਾਵਾਂ ਦੇਣ ਵਾਲਿਆਂ ਲਈ ਇਕ ਕੇਂਦਰੀ ਵਸੀਲੇ ਵਜੋਂ ਅਸੀਂ ਬੀ. ਸੀ. ਭਰ ਵਿਚ ਔਟਿਜ਼ਮ ਨਾਲ ਸੰਬੰਧਿਤ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਅਤੇ ਕਮਿਉਨਟੀ ਵਿਚ ਮਦਦ ਪ੍ਰਦਾਨ ਕਰਨ ਵਾਲਿਆਂ ਵਿਚਕਾਰ ਸਹਿਯੋਗ ਅਤੇ ਤਾਲਮੇਲ ਨੂੰ ਉਤਸ਼ਾਹ ਦਿੰਦੇ ਹਾਂ।

### *ਰਜਿਸਟਰੀ ਔਫ ਔਟਿਜ਼ਮ ਸਰਵਿਸ ਪ੍ਰੋਵਾਈਡਰਜ਼ (ਆਰ ਏ ਐੱਸ ਪੀ) ਦਾ ਪ੍ਰਬੰਧ*

ਅਸੀਂ ਇਕ ਮਾਹਰ ਸਲਾਹਕਾਰੀ ਪੈਨਲ ਦੀ ਮਦਦ ਨਾਲ ਰਜਿਸਟਰੀ ਔਫ ਔਟਿਜ਼ਮ ਸਰਵਿਸ ਪ੍ਰੋਵਾਈਡਰਜ਼ (ਆਰ ਏ ਐੱਸ ਪੀ) ਦਾ ਪ੍ਰਬੰਧ ਚਲਾਉਂਦੇ ਹਾਂ। ਆਰ ਏ ਐੱਸ ਪੀ ਸਾਡੇ ਵੈੱਬਸਾਈਟ ’ਤੇ ਦੇਖੀ ਜਾ ਸਕਦੀ ਹੈ ਤਾਂ ਜੋ ਯੋਗਤਾ ਪ੍ਰਾਪਤ ਪ੍ਰੋਫੈਸ਼ਨਲਜ਼ ਦੀ ਲਿਸਟ ਤੱਕ ਪਰਿਵਾਰਾਂ ਦੀ ਲਗਾਤਾਰ ਪਹੁੰਚ ਹੋਵੇ ਜਿਸ ਵਿਚ ਸ਼ਾਮਲ ਹਨ:

- ਬੀਹੇਵੀਅਰ ਐਨਾਲਿਸਟ/ਕਨਸਲਟੈਂਟ
- ਸਪੀਚ-ਲੈਂਗੁਏਜ ਪੈਥੌਲੋਜਿਸਟ
- ਆਕੂਪੇਸ਼ਨਲ ਥੈਰੇਪਿਸਟ
- ਫਿਜ਼ੀਕਲ ਥੈਰੇਪਿਸਟ

ਆਰ ਏ ਐੱਸ ਪੀ ਇਹ ਪੱਕਾ ਕਰਦੀ ਹੈ ਕਿ ਏ ਐੱਸ ਡੀ ਵਾਲੇ ਬੱਚਿਆਂ ਦੇ ਮਾਪਿਆਂ ਦੀ ਅਜਿਹੇ ਪ੍ਰੋਫੈਸ਼ਨਲਜ਼ ਤੱਕ ਪਹੁੰਚ ਹੋਵੇ ਜਿਨ੍ਹਾਂ ਦੀ ਪੜ੍ਹਾਈ, ਟਰੇਨਿੰਗ ਅਤੇ ਤਜਰਬਾ ਉਨ੍ਹਾਂ ਨੂੰ ਔਟਿਜ਼ਮ ਦੇ ਇਲਾਜ ਦੇ ਅਸਰਦਾਰ ਪ੍ਰੋਗਰਾਮ ਤਿਆਰ ਕਰਨ, ਪ੍ਰੋਗਰਾਮਾਂ ਦੀ ਨਿਗਰਾਨੀ ਕਰਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਦੇ ਕਾਬਲ ਬਣਾਉਂਦੇ ਹਨ।

ਕੋਈ ਆਰ ਏ ਐੱਸ ਪੀ ਸਰਵਿਸ ਦੇਣ ਵਾਲਾ ਲੱਭਣ ਲਈ ਸਾਡੇ ਵੈੱਬਸਾਈਟ ’ਤੇ ਜਾਉ: autisminfo.gov.bc.ca

ਜੇ ਤੁਸੀਂ ਸਰਵਿਸ ਦੇਣ ਵਾਲੇ ਹੋ ਜਿਹੜੇ ਰਜਿਸਟਰ ਹੋਣਾ ਚਾਹੁੰਦੇ ਹੋ ਤਾਂ ਏ ਆਈ ਐੱਸ ਦੇ ਵੈੱਬਸਾਈਟ ਦੇ ‘ਅਪਲਾਈ ਟੂ ਬੀ ਔਨ ਦਾ ਆਰ ਏ ਐੱਸ ਪੀ’ ਵਾਲੇ ਭਾਗ ’ਤੇ ਜਾਉ।

ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
RASP@gov.bc.ca

## ਔਟਿਜ਼ਮ ਸਪੈਕਟ੍ਰਮ ਡਿਸਔਰਡਰ ਕੀ ਹੈ?

ਔਟਿਜ਼ਮ ਸਪੈਕਟ੍ਰਮ ਡਿਸਔਰਡਰ (ਏ ਐੱਸ ਡੀ) ਇਕ ਗੁੰਝਲਦਾਰ ਹਾਲਤ ਹੈ ਜਿਹੜੀ ਦਿਮਾਗ ਦੇ ਵਿਕਾਸ 'ਤੇ ਅਸਰ ਪਾਉਂਦੀ ਹੈ ਅਤੇ ਕਿਸੇ ਵਿਅਕਤੀ ਦੇ ਸਮਾਜਿਕ ਮੇਲਜੋਲ, ਗੱਲਬਾਤ, ਦਿਲਚਸਪੀਆਂ ਅਤੇ ਵਤੀਰੇ ਨੂੰ ਪ੍ਰਭਾਵਿਤ ਕਰਦੀ ਹੈ।

ਏ ਐੱਸ ਡੀ ਬਹੁਤ ਸਾਰੇ ਵੱਖ ਵੱਖ ਸੁਮੇਲਾਂ ਵਿਚ ਸਾਮ੍ਹਣਾ ਆਉਂਦਾ ਹੈ ਅਤੇ ਵਿਅਕਤੀ ਤੀਖਣਤਾ ਦੇ ਕਿਸੇ ਵੀ ਪੱਧਰ ਤੇ ਵਤੀਰਿਆਂ ਦੇ ਵੱਖ ਵੱਖ ਸੁਮੇਲ ਦਿਖਾ ਸਕਦਾ ਹੈ। ਏ ਐੱਸ ਡੀ ਦੀ ਕੋਈ ਇਕ ਆਮ ਕਿਸਮ ਨਹੀਂ ਹੈ ਜਾਂ ਵਿਅਕਤੀਆਂ ਦੀ ਕੋਈ ਖਾਸ ਕਿਸਮ ਨਹੀਂ ਹੈ ਅਤੇ ਹਰ ਵਿਅਕਤੀ ਦੀਆਂ ਲੋੜਾਂ, ਹੁਨਰ ਅਤੇ ਸਮਰੱਥਾਵਾਂ 'ਤੇ ਵੱਖਰੇ ਢੰਗ ਨਾਲ ਅਸਰ ਪੈਂਦਾ ਹੈ।

ਆਮ ਤੌਰ 'ਤੇ, ਔਟਿਜ਼ਮ ਵਾਲੇ ਵਿਅਕਤੀ ਨੂੰ ਗੱਲਬਾਤ ਅਤੇ ਸਮਾਜਿਕ ਮੇਲਜੋਲ ਕਰਨ ਵਿਚ ਮੁਸ਼ਕਲ ਆਉਂਦੀ ਹੈ। ਹੋਰ ਵਤੀਰਿਆਂ ਵਿਚ ਨਿੱਤਨੇਮਾਂ 'ਤੇ ਬਹੁਤ ਜ਼ਿਆਦਾ ਨਿਰਭਰ ਹੋਣਾ, ਆਲੇ ਦੁਆਲੇ ਵਿਚ ਆਈਆਂ ਤਬਦੀਲੀਆਂ ਪ੍ਰਤੀ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੋਣਾ ਜਾਂ ਚੀਜ਼ਾਂ ਨਾਲ ਲਗਾਉ ਹੋਣਾ ਸ਼ਾਮਲ ਹੈ।





## ਔਟਿਜ਼ਮ ਸਪੈਕਟ੍ਰਮ ਡਿਸਔਰਡਰ ਦੀਆਂ ਅਗੇਤੀਆਂ ਨਿਸ਼ਾਨੀਆਂ

ਅਸੈੱਸਮੈਂਟ ਲਈ ਭੇਜੇ ਜਾਣ ਲਈ ਇਹ ਜ਼ਰੂਰੀ ਨਹੀਂ ਹੈ ਕਿ ਤੁਹਾਡੇ ਬੱਚੇ ਵਿਚ ਦੱਸੇ ਗਏ ਸਾਰੇ ਵਤੀਰੇ ਦਿਖਾਈ ਦੇਣ। ਇਹ ਲੱਛਣ ਹੋਰ ਹਾਲਤਾਂ ਦਾ ਇਸ਼ਾਰਾ ਵੀ ਹੋ ਸਕਦੇ ਹਨ। ਆਪਣੇ ਬੱਚੇ ਦੇ ਵਿਕਾਸ ਬਾਰੇ ਮਾਪੇ ਦੇ ਫਿਕਰਾਂ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਏ ਐੱਸ ਡੀ ਦੀਆਂ ਕੁਝ ਸੰਭਵ ਨਿਸ਼ਾਨੀਆਂ ਵਿਚ ਇਹ ਸ਼ਾਮਲ ਹਨ:

- ਸਮਾਜਿਕ ਮੇਲਜੋਲ ਵਿਚ ਮੁਸ਼ਕਲ
- ਅੱਖਾਂ ਨਾ ਮਿਲਾਉਣਾ
- ਛੇ ਮਹੀਨਿਆਂ ਦੀ ਉਮਰ ਜਾਂ ਬਾਅਦ ਵਿਚ ਕੋਈ ਵੱਡੀ ਮੁਸਕਰਾਹਟ ਦਾ ਨਾ ਹੋਣਾ ਜਾਂ ਹੋਰ ਨਿੱਘੇ, ਖੁਸ਼ ਹਾਵ-ਭਾਵ ਨਾ ਦਿਖਾਉਣਾ
- ਨਾਂ ਸੱਦਣ 'ਤੇ ਹੁੰਗਾਰਾ ਨਾ ਭਰਨਾ
- ਹੁੰਗਾਰਾ ਨਾ ਭਰਨਾ
- ਨੌਂ ਮਹੀਨਿਆਂ ਦੀ ਉਮਰ ਤੱਕ ਆਵਾਜ਼ਾਂ ਨਾ ਕੱਢਣਾ, ਮੁਸਕਰਾਉਣਾ ਨਾ ਜਾਂ ਚਿਹਰੇ ਦੇ ਹੋਰ ਹਾਵ-ਭਾਵ ਨਾ ਦਿਖਾਉਣਾ
- 12 ਮਹੀਨਿਆਂ ਦੀ ਉਮਰ ਤੱਕ ਇਸ਼ਾਰੇ ਕਰਨ, ਦਿਖਾਉਣ, ਕਿਸੇ ਚੀਜ਼ ਵਲ ਪਹੁੰਚਣ ਜਾਂ ਹੱਥ ਹਿਲਾਉਣ ਵਰਗੀਆਂ ਸੈਨਤਾਂ ਦੀ ਘਾਟ
- ਸ਼ਬਦਾਂ ਤੋਂ ਬਿਨਾਂ ਗੱਲ ਦੱਸਣ ਵਿਚ ਤਾਲਮੇਲ ਦੀ ਘਾਟ
- 12 ਮਹੀਨਿਆਂ ਦੀ ਉਮਰ ਤੱਕ ਬੁੜ ਬੁੜ ਨਾ ਕਰਨਾ
- ਅਸਾਧਾਰਨ ਆਵਾਜ਼ (ਉੱਚੀ ਅਤੇ ਹੌਲੀ ਆਵਾਜ਼ ਵਿਚ ਬਹੁਤ ਫਰਕ ਨਾ ਹੋਣਾ, ਅਜੀਬ ਤਰ੍ਹਾਂ ਦਾ ਅਲਾਪ, ਬੇਨੇਮੀ ਲੈ)
- ਦੁਹਰਾਏ ਜਾਣ ਵਾਲੇ ਵਤੀਰੇ ਅਤੇ ਸੀਮਤ ਦਿਲਚਸਪੀਆਂ
- ਚੀਜ਼ਾਂ ਨਾਲ ਦੁਹਰਾਈਆਂ ਜਾਣ ਵਾਲੀਆਂ ਹਰਕਤਾਂ

## ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਕੇ ਸਾਨੂੰ ਮਾਣ ਮਹਿਸੂਸ ਹੁੰਦਾ ਹੈ

ਔਟਿਜ਼ਮ ਅਤੇ ਸੰਬੰਧਿਤ ਵਿਗਾੜਾਂ ਲਈ ਜਾਣਕਾਰੀ ਦੇ ਸੂਬਾਈ ਕੇਂਦਰ ਵਜੋਂ, ਅਸੀਂ ਬੀ. ਸੀ. ਭਰ ਵਿਚ ਬਿਹਤਰ ਅਮਲਾਂ ਬਾਰੇ ਜਾਣਕਾਰੀ ਦਿੰਦੇ ਹਾਂ, ਪਰਿਵਾਰਾਂ, ਸੇਵਾਵਾਂ ਦੇਣ ਵਾਲਿਆਂ, ਅਤੇ ਕਮਿਊਨਟੀ ਦੇ ਪੇਸ਼ਾਵਰਾਂ ਦੀ ਮਦਦ ਕਰਦੇ ਹਾਂ ਅਤੇ ਉਨ੍ਹਾਂ ਨੂੰ ਟਰੇਨਿੰਗ ਦਿੰਦੇ ਹਾਂ।

ਔਟਿਜ਼ਮ ਸਪੈਕਟ੍ਰਮ ਡਿਸਔਰਡਰ ਦੇ ਇਲਾਜ ਲਈ ਬਿਹਤਰ ਚੋਣਾਂ ਬਾਰੇ ਦੱਸਣ ਲਈ ਸਾਡਾ ਤਜਰਬੇਕਾਰ ਸਟਾਫ ਫੋਨ 'ਤੇ, ਨਿੱਜੀ ਰੂਪ ਵਿਚ ਜਾਂ ਈਮੇਲ ਰਾਹੀਂ ਉਪਲਬਧ ਹੈ ਤਾਂ ਜੋ ਬੀ. ਸੀ. ਦੇ ਸਰਵਿਸ ਸਿਸਟਮ ਵਿਚ ਦੀ ਲੰਘਣ ਵਿਚ ਤੁਹਾਡੀ ਮਦਦ ਹੋ ਸਕੇ।

